# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

## 19:30

**ਮਿਤੀ : 22-08-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ, ਦੇਸ਼ ਦੀਆਂ ਪੂਰਬੀ ਸਰਹੱਦਾਂ 'ਤੇ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਕੀਤੀ. ਸਿਲੀਗੁੜੀ ਕੋਰੀਡੋਰ, 'ਤੇ ਸੁਰੱਖਿਆ ਨੂੰ ਮਜ਼ਬੂਤ ਕਰਨ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ।

- ਭਾਜਪਾ ਨੇ ਵੰਦੇ ਮਾਤਰਮ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ ਦੇਸ਼ ਵਿਆਪੀ ਮੁਹਿੰਮ ਦਾ ਐਲਾਨ ਕੀਤਾ.

- ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ, ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਵਲੋਂ, ਇੱਕ ਬਲਾਤਕਾਰ ਮਾਮਲੇ ਨੂੰ ਕਥਿਤ ਤੌਰ

'ਤੇ ਦਬਾਉਣ ਲਈ, 5 ਕਰੋੜ ਰੁਪਏ ਦੀ ਮੰਗ ਕਰਨ ਦੇ ਇਲ੍ਜ਼ਾਮ ਦੇ ਸੰਬੰਧ 'ਚ ਪੰਜਾਬ ਸਰਕਾਰ ਨੂੰ ਇੱਕ ਨੋਟਿਸ ਜਾਰੀ ਕੀਤਾ।

- ਭਾਰਤੀ ਫੌਜ ਨੇ, ਸਰਹੱਦੀ ਸੂਬੇ ਪੰਜਾਬ ਵਿੱਚ, ਅਤਿ-ਆਧੁਨਿਕ ਡਰੋਨਾਂ ਦੀ ਆਪਣੀ ਪਹਿਲੀ, ਬਾਜ਼ ਬਟਾਲੀਅਨ ਕਾਇਮ ਕੀਤੀ . ਵਜ੍ਰ ਕੋਰ, ਬਾਜ਼ ਬਟਾਲੀਅਨ ਨੂੰ ਸੰਚਾਲਿਤ ਕਰਨ ਵਾਲੀ ਪਹਿਲੀ ਕੋਰ ਬਣੀ ।

- ਕੇਂਦਰ ਸਰਕਾਰ ਨੇ ਟੈਲੀਵਿਜ਼ਨ ਚੈਨਲਾਂ ਲਈ 12 ਮਿੰਟ ਦੀ ਇਸ਼ਤਿਹਾਰ ਮਿਆਦ ਦੀ ਸੀਮਾ ਨੂੰ ਹਟਾਉਣ ਨੂੰ ਨੋਟੀਫਾਈ ਕੀਤਾ ਏ ।

## *ਹੁਣ ਖਬਰਾਂ ਵਿਸਥਾਰ ਨਾਲ*

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਦੇਸ਼ ਦੀਆਂ ਪੂਰਬੀ ਸਰਹੱਦਾਂ 'ਤੇ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਕਰਨ ਲਈ ਇੱਕ ਮੀਟਿੰਗ ਕੀਤੀ, ਜਿਸ ਵਿੱਚ ਸਿਲੀਗੁੜੀ ਕੋਰੀਡੋਰ, ਜਿਸਨੂੰ 'ਚਿਕਨ'ਸ ਨੇਕ' ਵੀ ਕਿਹਾ ਜਾਂਦਾ ਏ, 'ਤੇ ਸੁਰੱਖਿਆ ਨੂੰ ਮਜ਼ਬੂਤ ਕਰਨ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ।

ਸ਼੍ਰੀ ਸ਼ਾਹ ਨੇ ਰਾਜ ਦੇ ਆਪਣੇ ਦੌਰੇ ਦੇ ਤੀਜੇ ਅਤੇ ਆਖਰੀ ਦਿਨ, ਸਿਲੀਗੁੜੀ ਦੇ ਬਾਹਰਵਾਰ ਸੁਕਨਾ ਵਿਖੇ ਪੱਛਮੀ ਬੰਗਾਲ ਦੇ ਸੀਨੀਅਰ ਅਧਿਕਾਰੀਆਂ ਅਤੇ ਕੇਂਦਰੀ ਸੁਰੱਖਿਆ ਬਲਾਂ ਨਾਲ ਮੀਟਿੰਗ ਕੀਤੀ।

ਸਰਹੱਦਾਂ 'ਤੇ ਤਾਇਨਾਤ ਸਰਹੱਦੀ ਸੁਰੱਖਿਆ ਬਲ ਅਤੇ ਸਸ਼ਤਰ ਸੀਮਾ ਬਲ ਦੇ ਸੀਨੀਅਰ ਅਧਿਕਾਰੀ ਵੀ ਮੀਟਿੰਗ ਵਿੱਚ ਸ਼ਾਮਿਲ ਹੋਏ। ਵਿਚਾਰ-ਵਟਾਂਦਰੇ ਸਰਹੱਦੀ ਨਿਗਰਾਨੀ ਨੂੰ ਮਜ਼ਬੂਤ ਕਰਨ, ਕੇਂਦਰੀ ਸੁਰੱਖਿਆ ਬਲਾਂ, ਖੁਫੀਆ ਏਜੰਸੀਆਂ ਅਤੇ ਰਾਜ ਪੁਲਿਸ ਅਤੇ ਪ੍ਰਸ਼ਾਸਨ ਵਿਚਕਾਰ ਤਾਲਮੇਲ ਨੂੰ ਬਿਹਤਰ ਬਣਾਉਣ ਅਤੇ ਤਜਵੀਜ਼ਸ਼ੁਦਾ 'ਤਿਕੋਣੀ ਸੁਰੱਖਿਆ ਗਰਿੱਡ' ਲਈ ਇੱਕ ਢਾਂਚਾ ਤਿਆਰ ਕਰਨ 'ਤੇ ਕੇਂਦ੍ਰਿਤ ਸਨ।

ਇਹ ਮੀਟਿੰਗ ਮਹੱਤਵਪੂਰਨ ਮੰਨੀ ਜਾਂ ਰਹੀ ਏ ਕਿਉਂਕਿ ਸਿਲੀਗੁੜੀ ਨੇਪਾਲ, ਭੂਟਾਨ ਅਤੇ ਬੰਗਲਾਦੇਸ਼ ਨਾਲ ਅੰਤਰਰਾਸ਼ਟਰੀ ਸਰਹੱਦਾਂ ਦੇ ਨੇੜੇ ਸਥਿਤ ਏ। ਤੰਗ ਸਿਲੀਗੁੜੀ ਕੋਰੀਡੋਰ ਉੱਤਰ-ਪੂਰਬ ਨੂੰ ਦੇਸ਼ ਦੇ ਬਾਕੀ ਹਿੱਸਿਆਂ ਨਾਲ ਜੋੜਨ ਵਾਲਾ ਪ੍ਰਮੁੱਖ ਜ਼ਮੀਨੀ ਸੰਪਰਕ ਵੀ ਏ।

ਗ੍ਰਹਿ ਮੰਤਰੀ ਨੇ ਅੱਜ ਸਿਲੀਗੁੜੀ ਦੇ ਸੁਕਨਾ ਵਿੱਚ ਸੀਨੀਅਰ ਗੋਰਖਾ ਆਗੂਆਂ ਨਾਲ ਇੱਕ ਮਹੱਤਵਪੂਰਨ ਮੀਟਿੰਗ ਕੀਤੀ। ਮੀਟਿੰਗ ਤੋਂ ਬਾਅਦ, ਗ੍ਰਹਿ ਮੰਤਰੀ ਨੇ ਐਲਾਨ ਕੀਤਾ ਕਿ ਮੁੱਦਿਆਂ ਦੇ ਹੱਲ ਲਈ ਇੱਕ ਉੱਚ-ਪੱਧਰੀ ਕਮੇਟੀ ਬਣਾਈ ਜਾਵੇਗੀ।

-------------------------------------------------------

ਭਾਰਤੀ ਜਨਤਾ ਪਾਰਟੀ 'ਵੰਦੇ ਮਾਤਰਮ' ਬਾਰੇ ਜਾਗਰੂਕਤਾ ਫੈਲਾਉਣ ਅਤੇ ਇਸ ਦੇ ਗਾਇਨ ਨੂੰ ਉਤਸ਼ਾਹਿਤ ਕਰਨ ਲਈ ਦੇਸ਼-ਵਿਆਪੀ ਮੁਹਿੰਮ ਚਲਾਏਗੀ। ਅੱਜ ਨਵੀਂ ਦਿੱਲੀ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ, ਬੀਜੇਪੀ ਦੇ ਬੁਲਾਰੇ ਸੰਬਿਤ ਪਾਤਰਾ ਨੇ ਕਿਹਾ ਕਿ ਇਹ ਫੈਸਲਾ ਪਾਰਟੀ ਦੇ ਨਵੇਂ ਨਿਯੁਕਤ ਰਾਸ਼ਟਰੀ ਅਹੁਦੇਦਾਰਾਂ ਦੀ ਪਹਿਲੀ ਮੀਟਿੰਗ ਵਿੱਚ ਲਿਆ ਗਿਆ ਏ। ਬੁਲਾਰੇ ਨੇ ਕਾਂਗਰਸ ਪਾਰਟੀ ਦੇ ਸਦਰ ਮੁਕਾਮ ਵਿਖੇ ਇੱਕ ਸਮਾਗਮ ਦੌਰਾਨ, ਕਥਿਤ ਤੌਰ 'ਤੇ ਰਾਸ਼ਟਰੀ ਗੀਤ 'ਵੰਦੇ ਮਾਤਰਮ' ਦਾ ਗਾਇਨ ਸਿਰਫ਼ ਦੋ ਸ਼ਲੋਕ ਤੋਂ ਬਾਅਦ ਰੋਕਣ ਦਾ ਇਲਜ਼ਾਮ ਲਗਾਉਂਦਿਆਂ ਸਖ਼ਤ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਕਾਂਗਰਸ ਵੱਲੋਂ ਰਾਸ਼ਟਰੀ ਗੀਤ ਦਾ ਅਪਮਾਨ ਕਰਨ ਦੀ ਕੋਸ਼ਿਸ਼ ਸਫਲ ਨਹੀਂ ਹੋਵੇਗੀ। ਸੰਬਿਤ ਪਾਤਰਾ ਨੇ ਕਿਹਾ ਕਿ 'ਵੰਦੇ ਮਾਤਰਮ' ਰਾਸ਼ਟਰ ਦਾ ਮੰਤਰ ਏ ਅਤੇ ਇਸ ਦਾ ਉਦੇਸ਼, ਹਿੰਦੂਆਂ ਅਤੇ ਮੁਸਲਮਾਨਾਂ ਨੂੰ ਵੰਡਣਾ ਨਹੀਂ ਏ।

**BYTE: SAMBIT PATRA**

-------------------------------------------------------

ਭਾਰਤੀ ਜਨਤਾ ਪਾਰਟੀ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਜਨਮ ਦਿਨ ਦੇ ਮੌਕੇ 'ਤੇ ਇੱਕ ਮਹੀਨਾ ਚੱਲਣ ਵਾਲਾ ਦੇਸ਼-ਵਿਆਪੀ 'ਸੇਵਾ ਸੰਕਲਪ

ਅਭਿਆਨ' ਚਲਾਏਗੀ। ਇਸ ਅਭਿਆਨ ਦਾ ਮੁੱਖ ਉਦੇਸ਼ ਜਨਤਕ ਸੇਵਾ ਪ੍ਰਤੀ ਸ੍ਰੀ ਮੋਦੀ ਦੀ ਵਚਨਬੱਧਤਾ 'ਤੇ ਚਾਨਣਾ ਪਾਉਣਾ ਅਤੇ ਲੋਕਾਂ, ਖਾਸ ਕਰਕੇ ਨੌਜਵਾਨਾਂ, ਨੂੰ ਸੇਵਾ ਕਾਰਜਾਂ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕਰਨਾ ਏ। ਨਵੀਂ ਦਿੱਲੀ ਵਿੱਚ, ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਵਿਨੋਦ ਤਾਵੜੇ ਨੇ ਦੱਸਿਆ ਕਿ ਇਹ ਅਭਿਆਨ 7 ਅਕਤੂਬਰ 2001 ਨੂੰ ਸ੍ਰੀ ਮੋਦੀ ਵੱਲੋਂ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਬਾਅਦ, 25 ਸਾਲ ਪੂਰੇ ਹੋਣ ਦਾ ਵੀ ਪ੍ਰਤੀਕ ਏ। ਉਨ੍ਹਾਂ ਕਿਹਾ ਕਿ ਪਾਰਟੀ ਇਸ ਅਭਿਆਨ ਤਹਿਤ ਵੱਖ-ਵੱਖ ਗਤੀਵਿਧੀਆਂ ਕਰਾਏਗੀ।

---

ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ (NHRC) ਨੇ ਪੰਜਾਬ ਸਰਕਾਰ ਨੂੰ ਇੱਕ ਨੋਟਿਸ ਜਾਰੀ ਕੀਤਾ ਏ ਜਿਸ ਵਿੱਚ ਇਲ੍ਜ਼ਾਮ ਲਾਇਆ ਗਿਆ ਏ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਨੇ ਬਲਾਤਕਾਰ ਦੇ ਇੱਕ ਮਾਮਲੇ ਨੂੰ ਕਥਿਤ ਤੌਰ 'ਤੇ ਦਬਾਉਣ ਲਈ 5 ਕਰੋੜ ਰੁਪਏ ਦੀ ਮੰਗ ਕੀਤੀ ਏ।

NHRC ਦੇ ਮੈਂਬਰ ਪ੍ਰਿਯਾਂਕ ਕਾਨੂੰਨਗੋ ਦੀ ਪ੍ਰਧਾਨਗੀ ਵਾਲੇ ਬੈਂਚ ਨੇ ਇਹਨਾਂ ਇਲਜ਼ਾਮਾਂ ਨੂੰ ਧਿਆਨ ‘ਚ ਲਿਆ ਏ ਅਤੇ ਪੰਜਾਬ ਦੇ ਮੁੱਖ ਸਕੱਤਰ ਅਤੇ ਪੁਲਿਸ ਡਾਇਰੈਕਟਰ ਜਨਰਲ ਨੂੰ ਇਲਜ਼ਾਮਾਂ ਦੀ ਜਾਂਚ ਕਰਵਾਉਣ ਅਤੇ ਕਮਿਸ਼ਨ ਦੇ ਨਿਰੀਖਣ ਲਈ ਦੋ ਹਫ਼ਤਿਆਂ ਦੇ ਅੰਦਰ

ਕਾਰਵਾਈ ਰਿਪੋਰਟ (ATR) ਪੇਸ਼ ਕਰਨ ਲਈ ਇੱਕ ਨੋਟਿਸ ਜਾਰੀ ਕੀਤਾ ਏ। ਇਸ ਸੰਬੰਧ ਵਿੱਚ ਪ੍ਰਿਯਾਂਕ ਕਾਨੂੰਨਗੋ ਨੇ ਕਿਹਾ -

**BYTE: PRIYANK KANOONGO**

ਸਾਡੇ ਜਲੰਧਰ ਵਾਲੇ ਪੱਤਰਕਾਰ ਨੇ ਖ਼ਬਰ ਦਿੱਤੀ ਏ ਕਿ ਕਮਿਸ਼ਨ ਨੇ ਇਹ ਮਾਮਲਾ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਦੇ ਮਹਿਲਾ ਸੁਰੱਖਿਆ ਵਿਭਾਗ ਨੂੰ ਵੀ ਭੇਜ ਦਿੱਤਾ ਏ । ਇਹ ਸ਼ਿਕਾਇਤ ਕਾਨੂੰਨੀ ਅਧਿਕਾਰ ਆਬਜ਼ਰਵੇਟਰੀ (LRO) ਵਲੋਂ ਦਾਇਰ ਕੀਤੀ ਗਈ ਏ। ਇਸ ਦੌਰਾਨ AAP ਪੰਜਾਬ ਦੇ ਮਹਿਲਾ ਵਿੰਗ ਦੇ ਸੂਬਾ ਪ੍ਰਧਾਨ ਅਤੇ ਮੋਗਾ ਤੋਂ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਇੱਕ ਪ੍ਰੈਸ ਕਾਨਫਰੰਸ 'ਚ ਦੱਸਿਆ ਕਿ ਸਾਬਕਾ ਜਸਟਿਸ ਰਣਜੀਤ ਸਿੰਘ ਵੱਲੋਂ CM ਮਾਨ ਦੀ ਸੁਪਤਨੀ 'ਤੇ ਲਾਏ ਇਲ੍ਜ਼ਾਮ ਬੇਬੁਨਿਆਦ ਨੇ ਅਤੇ ਓਹਨਾਂ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਏਗੀ।

**BYTE: DR. AMAN**

----------------------------------------------------

ਭਾਰਤੀ ਫੌਜ ਨੇ ਹਵਾਈ ਕੁਸ਼ਲਤਾ, ਜਵਾਬਦੇਹੀ ਅਤੇ ਜੰਗ ਦੇ ਮੈਦਾਨ ਵਿੱਚ ਪਹੁੰਚ ਨੂੰ ਵਧਾਉਣ ਲਈ ਸਰਹੱਦੀ ਸੂਬੇ ਪੰਜਾਬ ਵਿੱਚ ਅਤਿ-ਆਧੁਨਿਕ ਡਰੋਨਾਂ ਦੀ ਆਪਣੀ ਪਹਿਲੀ ਬਾਜ਼ ਬਟਾਲੀਅਨ ਕਾਇਮ

ਕੀਤੀ ਏ. ਇਹ ਬਟਾਲੀਅਨ ਅਸਮਾਨ ਵਿੱਚ ਅੱਖਾਂ ਵਜੋਂ ਕੰਮ ਕਰੇਗੀ ਅਤੇ ਜੰਗ ਦੇ ਮੈਦਾਨ ਵਿੱਚ ਵੀ ਕੁਸ਼ਲਤਾ ਨੂੰ ਵਧਾਏਗੀ.

ਸਾਡੇ ਜਲੰਧਰ ਵਾਲੇ ਪੱਤਰਕਾਰ ਨੇ ਖਬਰ ਦਿੱਤੀ ਏ ਕਿ ਵਜ੍ਰ ਕੋਰ ਜਾਂ ਫੌਜ ਦੀ 11 ਕੋਰ, ਜਿਸਨੂੰ ਪੰਜਾਬ ਦੇ ਰੱਖਿਅਕਾਂ ਵਜੋਂ ਜਾਣਿਆ ਜਾਂਦਾ ਏ, ਬਾਜ਼ ਬਟਾਲੀਅਨ ਨੂੰ ਸੰਚਾਲਿਤ ਕਰਨ ਵਾਲੀ ਪਹਿਲੀ ਕੋਰ ਏ। 'ਬਾਜ਼' ਨਾਂ ਸ਼ਿਕਾਰੀ ਪੰਛੀ ਤੋਂ ਲਿਆ ਗਿਆ ਏ. 'X' 'ਤੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਵਜ੍ਰ ਕੋਰ ਦੇ ਜਨਰਲ ਅਫਸਰ ਕਮਾਂਡਿੰਗ GOC ਨੇ ਸਾਰੇ ਰੈਂਕਾਂ ਨਾਲ ਬਟਾਲੀਅਨ ਨੂੰ ਇਸਦੇ ਸਥਾਪਨਾ ਦਿਵਸ 'ਤੇ ਸ਼ੁਭਕਾਮਨਾਵਾਂ ਦਿੱਤੀਆਂ ਨੇ।

ਬਾਜ਼ ਚਲਾਉਣ ਵਾਲਿਆਂ ਅਤੇ ਯੋਧਿਆਂ ਨਾਲ ਗੱਲਬਾਤ ਕਰਦਿਆਂ, ਜੀਓਸੀ ਨੇ ਜ਼ੋਰ ਦੇ ਕੇ ਕਿਹਾ ਕਿ ਤਕਨਾਲੋਜੀ, ਨਵੀਨਤਾ ਅਤੇ ਸੰਚਾਲਨ ਮੁਹਾਰਤ, ਭਵਿੱਖ ਦੇ ਜੰਗ ਦੇ ਮੈਦਾਨ ਲਈ ਹਵਾਈ ਕੁਸ਼ਲਤਾ ਨੂੰ ਹੋਰ ਵਧਾਏਗੀ।

---------------------------------------------------

ਭਾਰਤ ਦੇ ਚੀਫ਼ ਜਸਟਿਸ (CJI) ਸੂਰਿਆ ਕਾਂਤ ਨੇ ਅੱਜ ਕਿਹਾ ਏ ਕਿ ਇੱਕ ਨਿਆਂ ਪ੍ਰਣਾਲੀ ਜੋ ਸਮੇਂ ਸਿਰ ਫੈਸਲੇ ਲੈਂਦੀ ਏ, ਆਲਮੀ ਤੌਰ ‘ਤੇ ਭਰੋਸਾ ਬਣਾਉਂਦੀ ਏ, ਕਾਰੋਬਾਰ ਕਰਨ ਵਿੱਚ ਆਸਾਨੀ ਨੂੰ ਮਜ਼ਬੂਤ ਕਰਦੀ ਏ ਅਤੇ ਇੱਕ ਦੇਸ਼ ਨੂੰ ਨਿਵੇਸ਼ ਅਤੇ ਆਰਥਿਕ ਵਿਕਾਸ ਲਈ

ਵਧੇਰੇ ਭਰੋਸੇਮੰਦ ਬਣਾਉਂਦੀ ਏ। ਨਵੀਂ ਦਿੱਲੀ ਵਿੱਚ 11ਵੇਂ ਬ੍ਰਿਕਸ ਕਾਨੂੰਨੀ ਫੋਰਮ ਨੂੰ ਸੰਬੋਧਨ ਕਰਦਿਆਂ, ਜਸਟਿਸ ਸੂਰਿਆ ਕਾਂਤ ਨੇ ਕਿਹਾ ਕਿ ਮਜ਼ਬੂਤ ਸੰਸਥਾਵਾਂ, ਖਾਸ ਕਰਕੇ ਨਿਆਂ ਪ੍ਰਦਾਨ ਕਰਨ ਵਾਲੀ ਪ੍ਰਣਾਲੀ, ਆਰਥਿਕ ਵਿਕਾਸ ਦੀ ਨੀਂਹ ਨੇ, ਜੋ ਕਾਨੂੰਨ ਦੇ ਨੇਮ ਪ੍ਰਤੀ ਦ੍ਰਿੜ ਵਚਨਬੱਧਤਾ ਰਾਹੀਂ ਵਿਸ਼ਵਾਸ, ਅਤੇ ਸਥਿਰਤਾ ਪ੍ਰਦਾਨ ਕਰਦੀਆਂ ਨੇ।

CJI ਨੇ ਆਰਥਿਕ ਵਿਕਾਸ ਅਤੇ ਅੰਤਰਰਾਸ਼ਟਰੀ ਨਿਵੇਸ਼ ਨੂੰ ਉਤਸ਼ਾਹਿਤ ਕਰਨ ਵਿੱਚ ਨਿਆਂਇਕ ਕੁਸ਼ਲਤਾ, ਸਮੇਂ ਸਿਰ ਇਕਰਾਰਨਾਮੇ ਨੂੰ ਲਾਗੂ ਕਰਨ ਅਤੇ ਕਾਨੂੰਨ ਦੇ ਰਾਜ ਦੀ ਮਹੱਤਤਾ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਮੈਂਬਰ ਦੇਸ਼ਾਂ ਦੀ ਨਿਆਂਪਾਲਿਕਾ ਵਿੱਚ ਸਹਿਯੋਗ ਨੂੰ ਡੂੰਘਾ ਕਰਨ ਲਈ ਬ੍ਰਿਕਸ ਨਿਆਂਇਕ ਫੈਲੋਸ਼ਿਪ ਅਤੇ ਸਾਂਝੇ ਨਿਆਂ ਸ਼ਾਸਤਰ ਭੰਡਾਰ ਦੀ ਸਿਰਜਣਾ ਦੀ ਵੀ ਤਜਵੀਜ਼ ਦਿੱਤੀ।

---------------------------------------------------------

ਸੁਪਰੀਮ ਕੋਰਟ ਨੇ ਸਮਾਧਾਨ ਸਮਾਰੋਹ" ਪਹਿਲ ਦੇ ਹਿੱਸੇ ਵਜੋਂ ਲਾਈ ਜਾ ਰਹੀ ਤਿੰਨ ਦਿਨਾਂ ਵਿਸ਼ੇਸ਼ ਲੋਕ ਅਦਾਲਤ ਦੇ ਪਹਿਲੇ ਦਿਨ 400 ਤੋਂ ਵੱਧ ਮਾਮਲਿਆਂ ਦਾ ਨਿਪਟਾਰਾ ਕੀਤਾ ਏ। ਇਨ੍ਹਾਂ ਮਾਮਲਿਆਂ ਵਿੱਚ ਵਿਆਹ ਅਤੇ ਜਾਇਦਾਦ ਦੇ ਵਿਵਾਦ, ਵਾਹਨ-ਹਾਦਸੇ ਦੇ ਦਾਅਵੇ, ਜ਼ਮੀਨ-ਪ੍ਰਾਪਤੀ ਅਤੇ ਮੁਆਵਜ਼ੇ ਦੇ ਮਾਮਲੇ, ਟੈਕਸ ਵਿਵਾਦ, ਅਤੇ ਸਰਬ੍ਰਉਚ ਅਦਾਲਤ ਸਾਹਮਣੇ ਵਿਚਾਰ ਗੋਚਰੇ ਪਏ ਸੇਵਾ ਅਤੇ ਕਿਰਤ ਮਾਮਲੇ ਸ਼ਾਮਿਲ ਨੇ।

---

ਸਰਕਾਰ ਨੇ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਦੀ ਇੱਕ ਫਰਜ਼ੀ ਵੀਡੀਓ ਦਾ ਖੰਡਨ ਕੀਤਾ ਏ, ਜਿਸ ਵਿੱਚ ਇੱਕ ਨਿਵੇਸ਼ ਸਕੀਮ ਦਾ ਪ੍ਰਚਾਰ ਕੀਤਾ ਜਾ ਰਿਹਾ ਏ। ਇਸ ਵੀਡੀਓ ਵਿੱਚ, 22 ਹਜ਼ਾਰ ਰੁਪਏ ਦੇ ਸ਼ੁਰੂਆਤੀ ਨਿਵੇਸ਼ ਨਾਲ ਹਰ ਹਫ਼ਤੇ ਸਾਢੇ 5 ਲੱਖ ਰੁਪਏ ਦੀ ਗਾਰੰਟੀਸ਼ੁਦਾ ਆਮਦਨ ਦੇਣ ਦਾ ਦਾਅਵਾ ਕੀਤਾ ਜਾ ਰਿਹਾ ਏ. PIB ਦੀ ਤੱਥ-ਜਾਂਚ ਇਕਾਈ ਨੇ ਕਿਹਾ ਏ ਕਿ, ਇਹ ਵੀਡੀਓ ਫਰਜ਼ੀ ਏ ਅਤੇ A.I. ਨਾਲ ਤਿਆਰ ਕੀਤੀ ਗਈ ਏ।

---

ਕੇਂਦਰ ਸਰਕਾਰ ਨੇ ਟੈਲੀਵਿਜ਼ਨ ਚੈਨਲਾਂ ਲਈ 12 ਮਿੰਟ ਦੀ ਇਸ਼ਤਿਹਾਰ ਮਿਆਦ ਦੀ ਸੀਮਾ ਨੂੰ ਹਟਾਉਣ ਨੂੰ ਨੋਟੀਫਾਈ ਕੀਤਾ ਏ। ਇਹ ਫੈਸਲਾ ਕੇਬਲ ਟੈਲੀਵਿਜ਼ਨ ਨੈੱਟਵਰਕ ਨੇਮਾਂ, 1994 ਵਿੱਚ ਗਜ਼ਟ ਵਿੱਚ ਸੋਧ ਦੀ ਸੂਚਨਾ ਦੇ ਨਾਲ ਲਾਗੂ ਹੋਇਆ ਏ। ਇਸ ਤੋਂ ਪਹਿਲਾਂ, ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ ਸੀ ਕਿ ਟੀਵੀ ਪ੍ਰਸਾਰਣ ਖੇਤਰ ਵਿੱਚ ਆਈਆਂ ਤਬਦੀਲੀਆਂ ਦੇ ਮੱਦੇਨਜ਼ਰ, ਇਸ਼ਤਿਹਾਰ ਮਿਆਦ ਨਾਲ ਸੰਬੰਧਿਤ ਸ਼ਰਤਾਂ 'ਤੇ ਮੁੜ੍ਹ ਵਿਚਾਰ ਕਰਨ ਦੀ ਜ਼ਰੂਰਤ ਮਹਿਸੂਸ ਕੀਤੀ ਗਈ ਸੀ। ਬਿਆਨ ਵਿੱਚ ਅੱਗੇ ਕਿਹਾ ਗਿਆ ਏ ਕਿ ਭਾਰਤ ਵਿੱਚ, ਇਹ ਖੇਤਰ, ਇਸ਼ਤਿਹਾਰਬਾਜ਼ੀ 'ਤੇ ਬਹੁਤ ਜ਼ਿਆਦਾ ਨਿਰਭਰ ਏ, ਭਾਵੇਂ ਕੋਈ ਚੈਨਲ 'ਪੇ' ਹੋਵੇ ਜਾਂ 'ਫ੍ਰੀ-ਟੂ-ਏਅਰ'।

ਇਸ ਵਿੱਚ ਕਿਹਾ ਗਿਆ ਏ ਕਿ ਡਿਜੀਟਲ ਮੀਡੀਆ ਦੇ ਮੁਕਾਬਲੇ ਰਵਾਇਤੀ ਟੀਵੀ ਚੈਨਲਾਂ ਲਈ ਇੱਕ ਗੈਰ-ਪੱਧਰੀ ਖੇਡ ਖੇਤਰ ਸੀ, ਜਿੱਥੇ ਇਸ਼ਤਿਹਾਰ ਸੀਮਾ ਨਿਯਮਨ 'ਤੇ ਅਜਿਹੀ ਕੋਈ ਸ਼ਰਤ ਮੌਜੂਦ ਨਹੀਂ ਏ।

-----------------------------------------------------

BWF ਵਿਸ਼ਵ ਬੈਡਮਿੰਟਨ ਚੈਂਪੀਅਨਸ਼ਿਪ ਵਿੱਚ, ਭਾਰਤ ਦੀ ਤ੍ਰਿਸ਼ਾ ਜੌਲੀ ਅਤੇ ਗਾਇਤਰੀ ਗੋਪੀਚੰਦ ਦੀ ਔਰਤਾਂ ਦੀ ਡਬਲਜ਼ ਜੋੜੀ ਨੇ ਕਾਂਸੀ ਦਾ ਤਮਗਾ ਪੱਕਾ ਕਰ ਲਿਆ ਏ। ਅੱਜ ਨਵੀਂ ਦਿੱਲੀ ਦੇ ਇੰਦਰਾ ਗਾਂਧੀ ਇਨਡੋਰ ਸਟੇਡੀਅਮ ਵਿੱਚ, ਖੇਡੇ ਗਏ ਸੈਮੀਫਾਈਨਲ ਮੁਕਾਬਲੇ ਵਿੱਚ, ਤ੍ਰਿਸ਼ਾ ਜੌਲੀ ਅਤੇ ਗਾਇਤਰੀ ਗੋਪੀਚੰਦ ਦੀ ਜੋੜੀ ਨੂੰ ਚੀਨ ਦੀ ਲਿਊ ਸ਼ੇਂਗ ਸ਼ੂ ਅਤੇ ਟੈਨ ਨਿੰਗ ਦੀ ਜੋੜੀ ਤੋਂ ਹਾਰ ਦਾ ਸਾਹਮਣਾ ਕਰਨ ਤੋਂ ਬਾਅਦ, ਕਾਂਸੀ ਦੇ ਤਮਗੇ ਨਾਲ ਸਬਰ ਕਰਨਾ ਪਿਆ।

-----------------------------------------------------

- ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ, ਦੇਸ਼ ਦੀਆਂ ਪੂਰਬੀ ਸਰਹੱਦਾਂ 'ਤੇ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਕੀਤੀ. ਸਿਲੀਗੁੜੀ ਕੋਰੀਡੋਰ, 'ਤੇ ਸੁਰੱਖਿਆ ਨੂੰ ਮਜ਼ਬੂਤ ਕਰਨ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ।

- ਭਾਜਪਾ ਨੇ ਵੰਦੇ ਮਾਤਰਮ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ ਦੇਸ਼ ਵਿਆਪੀ ਮੁਹਿੰਮ ਦਾ ਐਲਾਨ ਕੀਤਾ.

- ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ, ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਵਲੋਂ, ਇੱਕ ਬਲਾਤਕਾਰ ਮਾਮਲੇ ਨੂੰ ਕਥਿਤ ਤੌਰ 'ਤੇ ਦਬਾਉਣ ਲਈ, 5 ਕਰੋੜ ਰੁਪਏ ਦੀ ਮੰਗ ਕਰਨ ਦੇ ਇਲ੍ਜ਼ਾਮ ਦੇ ਸੰਬੰਧ ‘ਚ ਪੰਜਾਬ ਸਰਕਾਰ ਨੂੰ ਇੱਕ ਨੋਟਿਸ ਜਾਰੀ ਕੀਤਾ।

- ਭਾਰਤੀ ਫੌਜ ਨੇ, ਸਰਹੱਦੀ ਸੂਬੇ ਪੰਜਾਬ ਵਿੱਚ, ਅਤਿ-ਆਧੁਨਿਕ ਡਰੋਨਾਂ ਦੀ ਆਪਣੀ ਪਹਿਲੀ, ਬਾਜ਼ ਬਟਾਲੀਅਨ ਕਾਇਮ ਕੀਤੀ . ਵਜ੍ਰ ਕੋਰ, ਬਾਜ਼ ਬਟਾਲੀਅਨ ਨੂੰ ਸੰਚਾਲਿਤ ਕਰਨ ਵਾਲੀ ਪਹਿਲੀ ਕੋਰ ਬਣੀ ।

- ਕੇਂਦਰ ਸਰਕਾਰ ਨੇ ਟੈਲੀਵਿਜ਼ਨ ਚੈਨਲਾਂ ਲਈ 12 ਮਿੰਟ ਦੀ ਇਸ਼ਤਿਹਾਰ ਮਿਆਦ ਦੀ ਸੀਮਾ ਨੂੰ ਹਟਾਉਣ ਨੂੰ ਨੋਟੀਫਾਈ ਕੀਤਾ ਏ ।

---------------------------------------------------

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ, ਸਾਡਾ ਅਗਲਾ ਰਾਸ਼ਟਰੀ ਬੁਲੇਟਿਨ ਸਵੇਰੇ ਸਾਢੇ 8 ਵਜੇ ਹੋਏਗਾ. ਨਮਸਕਾਰ!**